# BASIX

*ਜਾਣਕਾਰੀ ਪੱਤਰ*

ਅਗਸਤ 2018

## ਬੇਸਿੱਕਸ (BASIX) ਕੀ ਹੈ?

ਬੇਸਿੱਕਸ (Basix), ਜਾਂ ਬਿਲਡਿੰਗ ਸਸਟੇਨੇਬਿਲਿਟੀ ਇੰਡੈਕਸ, NSW ਸਰਕਾਰ ਦਾ ਯੋਜਨਾਵਾਂ ਨੂੰ ਮਾਪਣ ਦਾ ਇੱਕ ਜ਼ਰੀਆ ਹੈ ਜਿਸ ਦੇ ਨਾਲ ਘਰੇਲੂ ਬਿਜਲੀ ਅਤੇ ਪਾਣੀ ਦੇ ਇਸਤੇਮਾਲ ਨੂੰ ਘਟਾਇਆ ਜਾਂਦਾ ਹੈ, ਇਹ ਨਵੇਂ ਬਣਾਏ ਗਏ ਅਤੇ ਮੁਰੰਮਤ ਕੀਤੇ ਗਏ ਘਰਾਂ ਉੱਤੇ ਘੱਟੋ-ਘੱਟ ਵਾਤਾਵਰਣ ਅਨੁਕੂਲ (sustainability) ਟੀਚੇ ਨਿਰਧਾਰਿਤ ਕਰ ਕੇ ਕੀਤਾ ਜਾਂਦਾ ਹੈ। ਬੇਸਿੱਕਸ ਡਿਜ਼ਾਈਨ ਦੀਆਂ ਵਿਸ਼ੇਸ਼ਤਾਵਾਂ ਦੀ ਪਛਾਣ ਕਰਦਾ ਹੈ ਜੋ ਕਿ ਇਸ ਗੱਲ ਉੱਤੇ ਪ੍ਰਭਾਵ ਪਾਉਂਦੀਆਂ ਹਨ ਕਿ ਪ੍ਰਤੀ ਪਰਿਵਾਰ ਦੇ ਵਿੱਚ ਥਰਮਲ ਕਮਫਰਟ ਦਾ ਸੰਭਾਵਿਤ ਸਤਰ ਕੀ ਹੋਵੇਗਾ ਅਤੇ ਉਨ੍ਹਾਂ ਵਿੱਚ ਪਾਣੀ ਅਤੇ ਊਰਜਾ ਦਾ ਕਿੰਨਾ ਇਸਤੇਮਾਲ ਕੀਤਾ ਜਾਵੇਗਾ, ਇਨ੍ਹਾਂ ਵਿੱਚ ਸ਼ਾਮਿਲ ਹੈ ਕਿ ਉਹ ਕਿੱਥੇ ਸਥਿਤ ਹਨ, ਬਿਲਡਿੰਗ ਕਿੰਨੀ ਵੱਡੀ ਹੈ, ਕਿਸ ਦਿਸ਼ਾ ਵੱਲ ਹੈ ਅਤੇ ਉਸਦੀ ਨਿਰਮਾਣ ਦੀ ਕੀ ਕਿਸਮ ਹੈ, ਉਸਦੀ ਲੈਂਡਸਕੇਪਿੰਗ ਅਤੇ ਫਿਕਸਚਰ (ਉਸ ਅੰਦਰ ਪੱਕੇ ਤੌਰ ਤੇ ਲਗਾਏ ਗਏ ਉਪਕਰਣ ਜਾਂ ਫਰਨੀਚਰ ਵਗੈਰਾ)। ਇਹ ਘੱਟੋ-ਘੱਟ ਟੀਚੇ ਨਿਰਧਾਰਿਤ ਕਰਦੀ ਹੈ ਜੋ ਕਿ ਪ੍ਰਾਪਤ ਕਰਨੇ ਜ਼ਰੂਰੀ ਹਨ, ਇਸ ਤੋਂ ਪਹਿਲਾਂ ਕਿ ਬੇਸਿੱਕਸ ਦਾ ਸਰਟੀਫਿਕੇਟ ਤਿਆਰ ਕੀਤਾ ਜਾ ਸਕੇ, ਅਤੇ ਇਸ ਤੋਂ ਬਾਅਦ ਜਿਸ ਨੂੰ ਡਿਵੈਲਪਮੈਂਟ ਦੀ ਅਰਜ਼ੀ ਦੇ ਨਾਲ ਜਾਂ ਮੰਜ਼ੂਰਸ਼ੁਦਾ ਤਰੀਕੇ ਦੇ ਨਾਲ ਬਣਾਈ ਗਈ ਡਿਵੈਲਪਮੈਂਟ (complying development) ਦੀ ਅਰਜ਼ੀ ਦੇ ਨਾਲ ਜਮ੍ਹਾਂ ਕਰਵਾਉਣਾ ਹੁੰਦਾ ਹੈ। ਪਾਣੀ ਅਤੇ ਊਰਜਾ ਦਾ ਇਸਤੇਮਾਲ ਹਰ ਕਿਸੇ ਉੱਤੇ ਪ੍ਰਭਾਵ ਪਾਉਂਦਾ ਹੈ ਅਤੇ ਬੇਸਿੱਕਸ, ਘਰੇਲੂ ਊਰਜਾ ਅਤੇ ਪਾਣੀ ਦੇ ਇਸਤੇਮਾਲ ਅਤੇ ਇਨ੍ਹਾਂ ਦੇ ਖਰਚਿਆਂ ਨੂੰ ਘਟਾਉਣ ਵਿੱਚ ਆਪਣੀ ਅਗਵਾਈ ਨੂੰ ਜਾਰੀ ਰੱਖੇਗਾ।

## ਕੀ ਮੈਨੂੰ ਬੇਸਿੱਕਸ (BASIX) ਦੇ ਸਰਟੀਫਿਕੇਟ ਦੀ ਲੋੜ ਹੈ?

ਬੇਸਿੱਕਸ ਦਾ ਸਰਟੀਫਿਕੇਟ ਇਨ੍ਹਾਂ ਦੇ ਨਿਰਮਾਣ ਦੇ ਲਈ ਚਾਹੀਦਾ ਹੁੰਦਾ ਹੈ:

- ਨਵੇਂ ਹਾਊਸ
- ਨਵੇਂ ਟਾਊਨਹਾਊਸ ਅਤੇ ਵਿਲਾ
- ਦੋਹਰੀ ਕਾਬਜ਼ੀਅਤ (dual occupancy)
- ਨਵੇਂ ਗ੍ਰੈਨੀ ਫਲੈਟ
- ਨਵੇਂ ਫਲੈਟ ਅਤੇ ਅਪਾਰਟਮੈਂਟ
- ਕਿਸੇ ਮੌਜੂਦਾ ਘਰ ਉੱਤੇ $50,000 ਜਾਂ ਇਸ ਤੋਂ ਜ਼ਿਆਦਾ ਦੀ ਮੁਰੰਮਤ
- 40,000 ਲੀਟਰ ਤੋਂ ਵੱਡੇ ਸਵਿਮਿੰਗ ਪੂਲ ਅਤੇ / ਜਾਂ ਸਪਾ
- ਕਿਸੇ ਮੌਜੂਦਾ ਗੈਰ-ਰਿਹਾਇਸ਼ੀ ਬਿਲਡਿੰਗ ਨੂੰ ਰਿਹਾਇਸ਼ੀ ਬਿਲਡਿੰਗ ਵਿੱਚ ਤਬਦੀਲ ਕਰਨਾ

ਇਨ੍ਹਾਂ ਚੀਜ਼ਾਂ ਦੇ ਲਈ ਬੇਸਿੱਕਸ ਦੇ ਸਰਟੀਫਿਕੇਟ ਦੀ ਲੋੜ ਨਹੀਂ ਹੁੰਦੀ:

- ਕਮਰਸ਼ੀਅਲ ਜਾਂ ਉਦਯੋਗਿਕ ਬਿਲਡਿੰਗ ਦੇ ਕੰਮ
- ਛੋਟੇ ਰਿਹਾਇਸ਼ੀ ਬਿਲਡਿੰਗ ਦੇ ਕੰਮ ਜੋ ਕਿ ਰਿਆਇਤ ਕੀਤੀ ਗਈ ਡਿਵੈਲਪਮੈਂਟ (exempt development) ਦੇ ਮਾਪਦੰਡਾਂ ਉੱਤੇ ਪੂਰੀ ਉੱਤਰਦੀ ਹੈ, ਜਿਨ੍ਹਾਂ ਦੇ ਲਈ ਪਰਵਾਨਗੀ ਲੈਣਾ ਜ਼ਰੂਰੀ ਨਹੀਂ। ਰਿਆਇਤ ਕੀਤੀ ਗਈ ਡਿਵੈਲਪਮੈਂਟ ਬਾਰੇ ਵਧੇਰੀ ਜਾਣਕਾਰੀ ਦੇ ਲਈ, NSW Planning Portal ਤੇ ਜਾਉ।

ਜੇ ਤੁਹਾਨੂੰ ਪੱਕਾ ਨਹੀਂ ਪਤਾ ਕੀ ਤੁਹਾਡਾ ਪ੍ਰਸਤਾਵਿਤ ਕੀਤਾ ਗਿਆ ਕੰਮ ਕਿਸ ਸ਼੍ਰੇਣੀ ਅੰਦਰ ਆਉਂਦਾ ਹੈ, ਤਾਂ ਆਪਣੀ ਸਥਾਨਕ ਕਾਉਂਸਿਲ ਦੇ ਨਾਲ ਜਾਂ ਕਿਸੇ ਮੰਜ਼ੂਰਸ਼ੁਦਾ ਪ੍ਰਾਈਵੇਟ ਪ੍ਰਮਾਣਕਰਤਾ (accredited private certifier) ਦੇ ਨਾਲ ਸੰਪਰਕ ਕਰੋ।
ਕੋਈ ਬੇਸਿੱਕਸ ਦਾ ਪ੍ਰੋਜੈਕਟ ਤੁਸੀਂ ਸਵੈ-ਇੱਛਾ ਦੇ ਨਾਲ ਵੀ ਕਰ ਸਕਦੇ ਹੋ ਅਤੇ ਤੁਹਾਡੇ ਆਪਣੇ ਸੰਦਰਭ ਦੇ ਲਈ ਰਿਪੋਰਟ ਤਿਆਰ ਕਰ ਸਕਦੇ ਹੋ।

## ਬੇਸਿੱਕਸ (BASIX) ਦਾ ਸਰਟੀਫਿਕੇਟ ਮੈਂ ਕਿਸ ਤਰੀਕੇ ਦੇ ਨਾਲ ਲਵਾਂ?

ਬੇਸਿੱਕਸ ਦਾ ਸਰਟੀਫਿਕੇਟ ਤੁਸੀਂ ਆਪਣੇ ਆਪ ਤਿਆਰ ਕਰ ਸਕਦੇ ਹੋ, ਜਾਂ ਕਿਸੇ ਆਰਕੀਟੈਕਟ ਜਾਂ ਡਿਜ਼ਾਇਨਰ ਨੂੰ ਤੁਹਾਡੇ ਲਈ ਇਹ ਤਿਆਰ ਕਰਨ ਦੇ ਲੀ ਬੋਲ ਸਕਦੇ ਹੋ। ਆਨਲਾਈਨ ਬੇਸਿੱਕਸ ਅਸੈੱਸਮੈਂਟ ਟੂਲ www.basix.nsw.gov.au ਦਾ ਇਸਤੇਮਾਲ ਕਰੋ। ਆਪਣੇ ਪ੍ਰਸਤਾਵਿਤ ਬਿਲਡਿੰਗ ਪ੍ਰੋਜੈਕਟ ਦੇ ਵੇਰਵੇ ਇਸ ਵਿੱਚ ਪਾਉ ਅਤੇ ਇਹ ਅਸੈੱਸਮੈਂਟ ਟੂਲ ਇਨ੍ਹਾਂ ਵੇਰਵਿਆਂ ਦਾ ਵਿਸ਼ਲੇਸ਼ਣ ਕਰੇਗਾ ਅਤੇ ਇਨ੍ਹਾਂ ਨੂੰ ਨਿਰਧਾਰਿਤ ਕੀਤੇ ਗਏ ਊਰਜਾ ਅਤੇ ਪਾਣੀ ਦੇ ਟੀਚਿਆਂ ਬਰਖਿਲਾਫ ਸਕੋਰ ਦੇਵੇਗਾ। ਹੋ ਸਕਦਾ ਹੈ ਕਿ

ਇਨ੍ਹਾਂ ਟੀਚਿਆਂ ਦੀ ਪਾਲਣਾ ਕਰਨ ਦੇ ਲਈ ਤੁਹਾਨੂੰ ਆਪਣੇ ਪ੍ਰੋਜੈਕਟ ਦੇ ਡਿਜ਼ਾਈਨ ਵਿੱਚ ਸ਼ੋਧ ਕਰਨਾ ਪਵੇ। ਇੱਕ ਵਾਰ ਜੱਦ ਤੁਹਾਡਾ ਪ੍ਰੋਜੈਕਟ ਇਨ੍ਹਾਂ ਦੀ ਪਾਲਣਾ ਕਰ ਲੈਂਦਾ ਹੈ, ਤਾਂ ਸਰਟੀਫਿਕੇਟ ਤਿਆਰ ਕਰਨ ਦੀ ਫੀਸ ਦੇ ਭੁਗਤਾਨ ਕਰਨ ਤੇ ਬੇਸਿੱਕਸ ਸਰਟੀਫਿਕੇਟ ਤਿਆਰ ਹੋ ਜਾਵੇਗਾ।

ਬੇਸਿੱਕਸ ਸਰਟੀਫਿਕੇਟ ਉਨ੍ਹਾਂ ਜ਼ਿੰਮੇਵਾਰੀਆਂ ਦੀ ਇੱਕ ਸੂਚੀ ਹੈ ਜਿਨ੍ਹਾਂ ਨਾਲ ਤੁਸੀਂ ਸਹਿਮਤੀ ਜ਼ਾਹਿਰ ਕੀਤੀ ਹੈ। ਇਨ੍ਹਾਂ ਨੂੰ ਪ੍ਰਸਤਾਵਿਤ ਯੋਜਨਾਵਾਂ ਉੱਤੇ ਨੋਟ ਕਰ ਲੈਣਾ ਚਾਹੀਦਾ ਹੈ ਅਤੇ ਨਿਰਮਾਣ ਦੇ ਵੇਲੇ ਇਨ੍ਹਾਂ ਉੱਤੇ ਨਜ਼ਰ ਰੱਖਣੀ ਚਾਹੀਦੀ ਹੈ। ਬੇਸਿੱਕਸ ਸਰਟੀਫਿਕੇਟ ਨੂੰ ਕਿਸੇ ਸੰਬੰਧਿਤ ਸਹਿਮਤੀ ਦੇਣ ਵਾਲੇ ਅਧਿਕਾਰੀ (ਕਾਉਂਸਿਲ ਜਾਂ ਕਿਸੇ ਮੰਜ਼ੂਰਸ਼ੁਦਾ ਪ੍ਰਾਇਵੇਟ ਪ੍ਰਮਾਣਕਰਤਾ) ਕੋਲ ਜਮ੍ਹਾਂ ਕਰਵਾਉਣ ਦੇ ਲਈ ਤੁਹਾਡੇ ਕੋਲ ਤਿੰਨ ਮਹੀਨੇ ਹੋਣਗੇ। ਸਰਟੀਫਿਕੇਟ ਤਿਆਰ ਹੋਣ ਦੇ ਤਿੰਨ ਮਹੀਨਿਆਂ ਅੰਦਰ ਜੇ ਤੁਸੀਂ ਇਸ ਨੂੰ ਜਮ੍ਹਾਂ ਨਹੀਂ ਕਰਵਾਇਆ, ਤਾਂ ਇਹ ਇਸ ਤੋਂ ਬਾਅਦ ਵੈਧ ਨਹੀਂ ਰਹੇਗਾ। ਜੇ ਤੁਸੀਂ ਆਪਣੇ ਪ੍ਰੋਜੈਕਟ ਅੰਦਰ ਬਦਲਾਵ ਕਰਦੇ ਹੋ ਤਾਂ ਤੁਹਾਨੂੰ ਆਪਣੇ ਸਰਟੀਫਿਕੇਟ ਦੀ ਦੁਬਾਰਾ ਜਾਂਚ ਕਰਨੀ ਪਵੇਗੀ। ਇਸ ਦੀ ਵਾਧੂ ਫੀਸ ਲੱਗ ਸਕਦੀ ਹੈ।

**ਬੇਸਿੱਕਸ ਦੀ ਪਾਲਣਾ ਦੇ ਲਈ ਕੁਝ ਸੁਝਾਅ (Suggestions)**

- ਇਸ ਗੱਲ ਉੱਤੇ ਵਿਚਾਰ ਕਰੋ ਕਿ ਕਿਸ ਤਰੀਕੇ ਦੇ ਨਾਲ ਤੁਹਾਡੇ ਘਰ ਦਾ ਡਿਜ਼ਾਈਨ, ਜਿਵੇਂ ਕਿ ਉਹ ਕਿਸ ਦਿਸ਼ਾ ਵੱਲ ਹੈ, ਬਾਰੀਆਂ ਕਿੱਥੇ ਕਿੱਥੇ ਅਤੇ ਕਿੰਨੀਆਂ ਵੱਡੀਆਂ ਹਨ, ਬਨਾਉਣ ਦੇ ਲਈ ਕਿਨ੍ਹਾਂ ਚੀਜ਼ਾਂ ਦਾ ਇਸਤੇਮਾਲ ਹੋਈਆ ਹੈ, ਸਰਦੀ ਦੇ ਮੌਸਮ ਵਿੱਚ ਧੁੱਪ ਅੰਦਰ ਲਿਆਉਣ ਵਿੱਚ ਮਦਦ ਕਰੇਗਾ (ਹੀਟਿੰਗ ਲੋਡ ਘਟਾਉਂਦਾ ਹੈ) ਅਤੇ ਗਰਮੀਆਂ ਵਿੱਚ ਧੁੱਪ ਨੂੰ ਅੰਦਰ ਆਉਣ ਤੋਂ ਰੋਕੇਗਾ (ਠੰਡਾ ਕਰਨ ਦੇ ਲੋਡ ਨੂੰ ਘਟਾਉਂਦਾ ਹੈ)।
- ਇਸ ਗੱਲ ਉੱਤੇ ਵਿਚਾਰ ਕਰੋ ਕਿ ਕੀ ਗਰਮ ਕਰਨ ਵਾਲੇ ਅਤੇ/ਜਾਂ ਠੰਡੇ ਰੱਖਣ ਵਾਲੇ ਉਪਕਰਣ ਜਿਵੇਂ ਕਿ ਪੱਖੇ, ਏਅਰ ਕੰਡੀਸ਼ਨਿੰਗ ਅਤੇ ਹੀਟਿੰਗ ਸਿਸਟਮ ਚਾਹੀਦੇ ਹਨ। ਜੇ ਚਾਹੀਦੇ ਹੋਣ, ਤਾਂ ਉਰਜਾ ਦਾ ਸਭ ਤੋਂ ਉੱਤਮ ਇਸਤੇਮਾਲ ਕਰਨ ਵਾਲੇ ਸਿਸਟਮ ਚੁਣੋ।
- ਛੱਤਾਂ ਅਤੇ ਦੀਵਾਰਾਂ ਨੂੰ ਇੰਸੂਲੇਟ (insulate) ਕਰੋ।
- ਈਵਜ਼ (eaves) ਅਤੇ ਵਿੰਡੋ ਸ਼ੇਡਿੰਗ (window shading) ਦਾ ਇਸਤੇਮਾਲ ਕਰੋ।
- ਛੱਤਾਂ ਤੇ ਲਗਾਈ ਜਾਣ ਵਾਲੀ ਸਮੱਗਰੀ ਹਲਕੇ ਰੰਗ ਦੀ ਚੁਣੋ।
- ਇੱਕ ਕੁਸ਼ਲ ਪਾਣੀ ਗਰਮ ਕਰਨ ਵਾਲੇ ਸਿਸਟਮ ਦੀ ਚੋਣ ਕਰੋ।
- ਅਜਿਹੀ ਲੈਂਡਸਕੇਪਿੰਗ ਚੁਣੋ ਜਿਸ ਨੂੰ ਘੱਟ ਪਾਣੀ ਦੀ ਲੋੜ ਹੋਵੇ।
- ਪਾਣੀ ਦੇ ਵਿਕਲਪਿਕ ਸ੍ਰੋਤਾਂ ਬਾਰੇ ਵਿਚਾਰ ਕਰੋ, ਜਿਵੇਂ ਕਿ ਘਰੇਲੂ ਇਸਤੇਮਾਲ ਦਾ ਪਾਣੀ ਜੋ ਕਿ ਪਾਇਪਾਂ ਰਾਹੀਂ ਮੁਹੱਇਆ ਨਹੀਂ ਕੀਤਾ ਜਾਂਦਾ (ਜਿਵੇਂ ਕਿ ਰੇਨਵਾਟਰ)।
- ਆਪਣੇ ਰੇਨਵਾਟਰ ਟੈਂਕ ਨੂੰ ਟਾਇਲੇਟ ਅਤੇ ਲੌਂਡਰੀ ਦੇ ਨਾਲ ਜੋੜਨ ਬਾਰੇ, ਅਤੇ ਬਗੀਚੇ ਵਿੱਚ ਇਸਤੇਮਾਲ ਕਰਨ ਬਾਰੇ ਵੀ ਵਿਚਾਰ ਕਰੋ।
- ਪਾਣੀ ਬਚਾਉਣ ਵਾਲੇ ਸ਼ਾਵਰਹੈੱਡ, ਟੂਟੀਆਂ ਅਤੇ ਦੋ ਤਰੀਕਿਆਂ ਦੇ ਫਲੱਸ਼ ਵਾਲੇ ਟਾਇਲੇਟ ਫਿੱਟ ਕਰਵਾਉ।
- ਜੇ ਤੁਹਾਡੇ ਘਰ ਵਿੱਚ ਪੂਲ ਹੋਵੇ, ਤਾਂ ਪੂਲ ਦੇ ਕਵਰ, ਸ਼ੇਡਿੰਗ ਕਰਨ ਬਾਰੇ ਵਿਚਾਰ ਕਰੋ ਅਤੇ ਉਨ੍ਹਾਂ ਨੂੰ ਮੁੜ ਭਰਨ ਦੇ ਲਈ ਰੇਨਵਾਟਰ ਦਾ ਇਸਤੇਮਾਲ ਕਰੋ। ਪੰਪ ਟਾਈਮਰ ਲਗਵਾਉ। ਜੇ ਤੁਸੀਂ ਪੂਲ ਨੂੰ ਗਰਮ ਰੱਖਣਾ ਚਾਹੁੰਦੇ ਹੋ, ਤਾਂ ਸੋਲਰ ਹੀਟਿੰਗ ਸੱਭ ਤੋਂ ਉੱਤਮ ਤਰੀਕਾ ਹੈ।

## ਮੈਂ ਵਧੇਰੀ ਜਾਣਕਾਰੀ ਕਿੱਥੇ ਪਾ ਸਕਦਾ/ਸਕਦੀ ਹਾਂ?

- ਸਾਨੂੰ 1300 650 908 ਉੱਤੇ ਸੰਪਰਕ ਕਰੋ।
- ਜੇ ਤੁਹਾਨੂੰ, ਜਾਂ ਕਿਸੇ ਅਜਿਹੇ ਵਿਅਕਤੀ ਨੂੰ ਜਿਸ ਨੂੰ ਤੁਸੀਂ ਜਾਣਦੇ ਹੋ, ਦੁਭਾਸ਼ਿਏ ਦੀ ਸਹਾਇਤਾ ਦੀ ਲੋੜ ਹੈ, ਤਾਂ 13 14 50 ਤੇ ਸੰਪਰਕ ਕਰੋ। ਆਪਣੇ ਭਾਸ਼ਾ ਦੇ ਦੁਭਾਸ਼ਿਏ ਦੇ ਨਾਲ ਗੱਲ ਕਰਨ ਦੀ ਬੇਨਤੀ ਕਰੋ ਅਤੇ ਕਹੋ ਕਿ 1300 650 908 ਤੇ ਤੁਹਾਨੂੰ ਬੇਸਿੱਕਸ ਹੈਲਪਡੈਸਕ ਦੇ ਨਾਲ ਜੋੜਿਆ ਜਾਵੇ।
- ਜਾਂ info@service.nsw.gov.au ਤੇ ਈ-ਮੇਲ ਭੇਜੋ।